File No.PSEB-AFF0S031(T002)/15/2022-AS 09-AFF BRANCH-PSEB

**ਪੰਜਾਬ ਸਕੂਲ ਸਿੱਖਿਆ ਬੋਰਡ**

**(ਐਫੀਲੀਏਸ਼ਨ ਸ਼ਾਖਾ)**

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ ਦੇ ਐਫੀਲੀਏਟਿਡ/ਐਸ਼ੋਸੀਏਟਿਡ ਸਕੂਲਜ਼
ਪੰਜਾਬ।

ਨੰਬਰ: ( 101587) ਪਸਸਬ-ਐਫੀ.2022/ 2312 ਮਿਤੀ: 4/8/2022

**ਵਿਸ਼ਾ:- ਐਫੀਲੀਏਸ਼ਨ ਵਿਨਿਯਮਾਂ ਦੀ ਪਾਲਨਾ ਕਰਨ ਸਬੰਧੀ ਹਦਾਇਤ ਪੱਤਰ ਜਾਰੀ ਕਰਨ ਬਾਰੇ।**

ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੀਆਂ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ ਵੱਲੋਂ ਹੇਠ ਲਿਖੀਆਂ ਬੇ-ਨਿਯਮੀਆਂ ਕੀਤੀਆਂ ਜਾ ਰਹੀਆ ਹਨ:-

1. ਕੁਝ ਐਫੀਲੀਏਟਿਡ/ਐਸੋਸੀਏਟਿਡ ਸਕੂਲਾਂ ਵੱਲੋਂ ਵਿੱਤੀ ਮੁਨਾਫੇ ਲਈ ਪ੍ਰਾਈਵੇਟ ਪਬਲੀਸ਼ਰਜ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਸਕੂਲਾਂ ਵਿੱਚ ਲਗਾਈਆਂ ਜਾਂਦੀਆਂ ਹਨ। ਇਹਨਾਂ ਪੁਸਤਕਾਂ ਦੀ ਕੀਮਤ ਜਿਆਦਾ ਹੁੰਦੀ ਹੈ ਅਤੇ ਗਰੀਬ ਬੱਚਿਆਂ ਦੇ ਮਾਤਾ ਪਿਤਾ ਏਨਾ ਖਰਚ ਨਹੀਂ ਝੱਲ ਸਕਦੇ। ਕਈ ਅਧਿਆਪਕ ਤਾਂ ਦੁਕਾਨਦਾਰਾਂ ਤੋਂ ਗਾਈਡਾਂ ਅਤੇ ਪ੍ਰਾਈਵੇਟ ਕਿਤਾਬਾਂ ਲੈ ਕੇ ਸਕੂਲਾਂ ਵਿੱਚ ਆਪ ਵੰਡ ਦਿੰਦੇ ਹਨ ਜੋ ਕਿ ਗਲਤ ਹੈ। ਸਮੂਹ ਸਕੂਲਾਂ ਨੂੰ ਹਦਾਇਤ ਹੈ ਕਿ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਕੇਵਲ ਬੋਰਡ ਵੱਲੋਂ ਪ੍ਰਕਾਸ਼ਿਤ ਅਤੇ ਪ੍ਰਵਾਨਿਤ ਪਾਠ-ਪੁਸਤਕਾਂ ਹੀ ਆਪਣੀ ਸੰਸਥਾ ਵਿੱਚ ਪੜ੍ਹਾਉਣੀਆਂ ਯਕੀਨੀ ਬਣਾਈਆਂ ਜਾਣ।

2 ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲਗਾਈਆਂ ਗਈਆਂ ਵਰਦੀਆਂ ਦੇ ਰੰਗ ਹਰ ਸਾਲ ਬਦਲ ਦਿਤੇ ਜਾਂਦੇ ਹਨ ਅਤੇ ਸਾਰੀ ਮਾਰਕੀਟ ਵਿੱਚੋਂ ਇੱਕ ਜਾਂ ਦੋ ਦੁਕਾਨਾਂ ਤੋਂ ਹੀ ਖਰੀਦਣ ਲਈ ਕਿਹਾ ਜਾਂਦਾ ਹੈ, ਜੋ ਕਿ ਗਰੀਬ ਪਰਿਵਾਰਾਂ ਤੇ ਵਿੱਤੀ ਬੋਝ ਦਾ ਕਾਰਨ ਬਣਦਾ ਹੈ। ਇਸ ਸਬੰਧ ਵਿੱਚ Director Public Instruction (SE),Punjab ਦੇ ਪੱਤਰ ਨੰ: E-315424,GP2(1) /2022287523 ਮਿਤੀ 11-04-2022 ਰਾਹੀਂ ਸਕੂਲਾਂ ਵਿੱਚ ਵਰਦੀਆਂ ਨੂੰ ਲਗਾਉਣ ਸਬੰਧੀ ਹਦਾਇਤ ਪੱਤਰ ਜਾਰੀ ਕੀਤਾ ਗਿਆ ਹੈ, ਦੀ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।

3 ਬਹੁਤ ਸਾਰੇ ਸਕੂਲ ਵਿਦਿਆਰਥੀਆਂ ਨੂੰ ਸਟੇਸ਼ਨਰੀ ਇੱਕ ਹੀ ਦੁਕਾਨ ਤੋਂ ਲੈਣ ਲਈ ਮਜਬੂਰ ਕਰਦੇ ਹਨ। ਇਸ ਨੂੰ ਬੰਦ ਕੀਤਾ ਜਾਵੇ।

4. ਬੱਚਿਆਂ ਤੋਂ ਫੀਸਾਂ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਹੀ ਲਈਆਂ ਜਾਣ ਅਤੇ ਇਸ ਦੀ ਰਸੀਦ ਮਾਪਿਆਂ ਨੂੰ ਦਿੱਤੀ ਜਾਵੇ।

5 ਹਰਕੇ ਸੰਸਥਾ ਆਪਣੇ ਸਕੂਲ ਦਾ ਨਤੀਜਾ ਹਰ ਸਾਲ 31 ਮਾਰਚ ਨੂੰ ਹੀ ਘੋਸ਼ਿਤ ਕਰੇ।

ਉਕਤ ਦਰਜ਼ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਜੇਕਰ ਕਿਸੇ ਸੰਸਥਾ ਦੀ ਉਕਤ ਦਰਜ਼ ਸਬੰਧੀ ਦਫਤਰ ਵਿੱਚ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸ ਸੰਸਥਾ ਵਿਰੁੱਧ ਐਫੀਲੀਏਸ਼ਨ ਵਿਨਿਯਮਾਂ ਅਧੀਨ ਬਣਦੀ ਕਾਰਵਾਈ ਕੀਤੀ ਜਾਵੇਗੀ ਜਿਸਦੀ ਸਾਰੀ ਜਿਮੇਂਵਾਰੀ ਸੰਸਥਾ ਦੀ ਆਪਣੀ ਹੋਵੇਗੀ।

4/8/2022
ਸੁਪਰਡੰਟ (ਐਫੀ.)
ਪੰਜਾਬ ਸਕੂਲ ਸਿੱਖਿਆ ਬੋਰਡ।